KIDSPORT

UP TO $150 TOWARDS CLUB FEES FOR KIDS!



# ਕੀ ਤੁਹਾਡੇ ਬੱਚੇ ਸਪੋਰਟਸ (ਖੇਡਾਂ) ਵਿੱਚ ਭਾਗ ਲੈਂਦੇ ਹਨ?

Kidsport ਪ੍ਰੋਗ੍ਰਾਮ ਯੋਗ ਬੱਚਿਆਂ ਨੂੰ ਹਰੇਕ ਬੱਚੇ ਲਈ ਹਰੇਕ ਸਾਲ ਲਈ $150 ਤਕ ਹੀ ਮਦਦ ਦਿੰਦਾ ਹੈ ਤਾਂਜੋ ਉਨ੍ਹਾਂ ਨੂੰ ਕਿਸੇ ਸਪੋਰਟਸ ਕਲਬ ਨਾਲ ਜੁੜਣ ਵਾਸਤੇ ਕਲਬ ਦੀ ਫੀਸ ਦਾ ਭੁਗਤਾਨ ਕਰਨ ਅਤੇ ਆਨੰਦਾ ਲੈਣਾ ਸ਼ੁਰੂ ਕਰ ਵਿੱਚ ਸਹਾਇਤਾ ਮਿਲ ਸਕੇ।

ਖੇਡ ਖੇਡਣਾ ਬੱਚੇ ਦੇ ਵਿਕਾਸ ਲਈ ਮਹਤਵਪੂਰਣ ਹੁੰਦਾ ਹੈ: ਇਸਨਾਲ ਆਤਮ-ਵਿਸ਼ਵਾਸ ਵਿੱਚ ਸੁਧਾਰ ਹੋਣ ਵਿੱਚ ਵੀ ਮਦਦ ਮਿਲ ਸਕਦੀ ਹੈ ਅਤੇ ਇਹ ਉਨ੍ਹਾਂ ਨੂੰ ਆਪਣੇ ਦੋਸਤ-ਮਿੱਤਰਾਂ ਨਾਲ ਸ਼ਰੀਰਕ ਗਤੀਵਿਧੀਆਂ ਦਾ ਆਨੰਦ ਲੈਣ ਲਈ ਇੱਕ ਸਿਹਤਮੰਦ ਤਰੀਕਾ ਪ੍ਰਦਾਨ ਕਰਦਾ ਹੈ।

ਸਥਾਨਕ ਸਰਕਾਰ, ਖੇਡਕੁਦ ਅਤੇ ਸਭਿਆਚਾਰਕ ਉਦਯੋਗ ਵਿਭਾਗ (Department of Local Government, Sport and Cultural Industries) ਬੱਚਿਆਂ ਨੂੰ ਵਧਾਵਾ ਦਿੰਦਾ ਹੈ ਕਿ ਉਹ ਸਭਿਆਚਾਰਕ ਖੇਡਕੁਦ ਵਿੱਚ ਸ਼ਾਮਿਲ ਹੋਣ, ਸਿਰਫ ਸ਼ਰੀਰਕ ਹਿੱਤਾਂ ਲਈ ਹੀ ਨਹੀਂ, ਪਰ ਨਾਲ ਹੀ ਬੱਚਿਆਂ ਦੇ ਮਾਨਸਿਕ ਅਤੇ ਭਾਵਨਾਤਾਮਕ ਕਲਿਆਣ 'ਤੇ ਪੈਣ ਵਾਲੇ ਸਕਾਰਾਤਮਕ ਪ੍ਰਭਾਵਾਂ ਲਈ ਵੀ।

### ਇਸਦੇ ਲਈ ਕੌਣ ਅਰਜ਼ੀ ਪਾ ਸਕਦਾ ਹੈ?

ਜਾਇਜ ਹੈਲਥ ਕੇਅਰ ਕਾਰਡ ਜਾਂ ਪੇਨਸ਼ਨਰ ਕਨਸੇਸ਼ਨ ਕਾਰਡ (ਨਮੂਨਾ ਤਸਵੀਰਾਂ ਹੇਠਾਂ ਦੇਖੋ) ਤੇ ਸੂਚੀਬੱਧ 5 ਤੋਂ 18 ਸਾਲ ਦੀ ਉਮਰ ਵਾਲੇ ਸਾਰੇ ਵੈਸਟਰਨ ਆਸਟ੍ਰੇਲੀਆਈ ਬੱਚੇ ਇਸਦੇ ਲਈ ਅਰਜ਼ੀ ਪਾ ਸਕਦੇ ਹਨ। ਹੇਠਾਂ ਦਿੱਤੀਆਂ ਵੈੱਬਸਾਈਟਾਂ ਤੇ ਜਾਓ:

**www.dlgsc.wa.gov.au/kidsport**




ਉਹ ਕਲਬ ਜਿੱਥੇ ਤੁਹਾਡਾ ਬੱਚਾ ਆਪਣੇ ਵਾਊਚਰ ਦੀ ਵਰਤੋਂ ਕਰ ਸਕਦਾ ਹੈ, ਉਹ ਸਾਡੀ ਵੈੱਬਸਾਈਟ ਤੇ ਪਾਏ ਜਾ ਸਕਦੇ ਹਨ
**https://kidsport.dlgsc.wa.gov.au/find-a-club**




KIDSPORT

ਜੇਕਰ ਇਸ ਫੰਡਿੰਗ ਲਈ ਅਰਜ਼ੀ ਪਾਉਣ ਵਿੱਚ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਕ੍ਰਿਪਾ ਕਰਕੇ Kidsport ਟੀਮ ਨੂੰ kidsport@dlgsc.wa.gov.au ਤੇ ਈਮੇਲ ਕਰੋ ਜਾਂ +61 8 9492 9911 ਤੇ ਫੋਨ ਕਰੋ। ਤੁਹਾਡੀ ਸਥਾਨਕ ਕੌਂਸਲ ਦਾ ਦਫਤਰ, ਸਕੂਲ, ਕਲਬ ਜਾਂ ਸਥਾਨਕ ਕਮਯੁਨਿਟੀ ਸੰਪਰਕ ਵੀ ਤੁਹਾਡੀ ਮਦਦ ਕਰਨ ਵਿੱਚ ਸਮਰਥ ਹੋ ਸਕਦਾ ਹੈ।

GOVERNMENT OF WESTERN AUSTRALIA
Department of Local Government, Sport and Cultural Industries